# ਪਬਲਿਕ ਨੋਟਿਸ

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ/ਪ੍ਰਸ਼ਾਸਨ ਵੱਲੋਂ ਜਾਰੀ ਕੀਤੇ ਹੁਕਮਾਂ ਦੇ ਸਨਮੁੱਖ ਇਸ ਸਾਲ ਦੀਵਾਲੀ ਦੇ ਤਿਉਹਾਰ (ਸਾਲ-2021) ਦੌਰਾਨ ਰੀਟੇਲ ਵਿਚ ਪਟਾਖੇ ਵੇਚਣ ਸਬੰਧੀ ਟੈਂਪਰੇਰੀ ਲਾਇਸੰਸ ਇਸ ਵਾਰ ਵੀ ਜਿਲ੍ਹਾ ਮੈਜਿਸਟਰੇਟ, ਹੁਸ਼ਿਆਰਪੁਰ ਵੱਲੋਂ ਜਾਰੀ ਕੀਤੇ ਜਾਣੇ ਹਨ। ਇਹ ਸਾਲ ਵੀ ਟੈਂਪਰੇਰੀ ਲਾਇਸੰਸ ਪਿਛਲੇ ਸਾਲ ਦੀ ਤਰ੍ਹਾਂ ਡਰਾਅ ਪ੍ਰਕਿਰਿਆ ਰਾਹੀਂ ਜਾਰੀ ਕੀਤੇ ਜਾਣਗੇ।

ਇਸ ਲਈ ਪਬਲਿਕ ਦੀ ਸਹੂਲੀਅਤ ਨੂੰ ਧਿਆਨ ਵਿੱਚ ਰੱਖਦੇ ਹੋਏ ਟੈਂਪਰੇਰੀ ਲਾਇਸੰਸ ਜਾਰੀ ਕਰਨ ਸਬੰਧੀ ਦਰਖਾਸਤਾਂ ਸਬੰਧਤ ਉਪ ਮੰਡਲ ਮੈਜਿਸਟਰੇਟ ਦਫਤਰਾਂ ਵਿਖੇ ਪ੍ਰਾਪਤ ਕੀਤੀਆਂ ਜਾਣਗੀਆਂ। ਟੈਂਪਰੇਰੀ ਲਾਇਸੰਸ ਲੈਣ ਦੇ ਇੱਛੁਕ ਵਿਅਕਤੀ ਮਿਤੀ 10.10.2021 ਤੋਂ ਮਿਤੀ 20.10.2021 ਨੂੰ ਸ਼ਾਮ 05:00 ਵਜੇ ਤੱਕ ਆਪਣੇ ਇਲਾਕੇ ਦੇ ਸਬੰਧਤ ਉਪ ਮੰਡਲ ਮੈਜਿਸਟਰੇਟ ਦਫ਼ਤਰ ਵਿਖੇ ਸਥਿਤ ਸੇਵਾ ਕੇਂਦਰ ਰਾਂਹੀ ਫੀਸ ਜਮ੍ਹਾਂ ਕਰਵਾਉਂਦੇ ਹੋਏ ਆਪਣੀ ਦਰਖਾਸਤ ਦੇ ਸਕਦੇ ਹਨ। ਪ੍ਰਾਰਥੀ ਆਪਣੀ ਦਰਖਾਸਤ ਨਾਲ ਇੱਕ ਸਵੈ-ਘੋਸ਼ਣਾ ਪੱਤਰ, ਦੋ ਪਾਸਪੋਰਟ ਸਾਈਜ ਫੋਟੋ ਅਤੇ ਰਿਹਾਇਸ਼ ਸਬੰਧੀ ਪਰੂਫ/ਅਧਾਰ ਕਾਰਡ ਦੀ ਕਾਪੀ ਲਗਾਉਣੀ ਯਕੀਨੀ ਬਣਾਉਣਗੇ। ਇਹ ਟੈਂਪਰੇਰੀ ਲਾਇਸੰਸ ਡਰਾਅ ਪ੍ਰਕਿਰਿਆ/ਲਾਟਰੀ ਸਿਸਟਮ ਰਾਹੀਂ ਮਿਤੀ 27.10.2021 ਨੂੰ ਸਵੇਰੇ 11:00 ਵਜੇ ਦਫਤਰ ਜਿਲ੍ਹਾ ਮੈਜਿਸਟਰਟ ਹੁਸ਼ਿਆਰਪੁਰ, ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਹੁਸ਼ਿਆਰਪੁਰ (ਮਿੰਨੀ ਸਕੱਤਰੇਤ) ਦੇ ਮੀਟਿੰਗ ਹਾਲ ਵਿਖੇ ਅਲਾਟ ਕੀਤੇ ਜਾਣਗੇ। ਇਹ ਟੈਂਪਰੇਰੀ ਲਾਇਸੰਸ ਕੇਵਲ ਪ੍ਰਸ਼ਾਸਨ ਵੱਲੋਂ ਨਿਰਧਾਰਤ ਕੀਤੀਆਂ ਗਈਆਂ ਥਾਵਾਂ ਤੇ ਹੀ ਪਟਾਖੇ ਵੇਚਣ ਲਈ ਜਾਰੀ ਕੀਤੇ ਜਾਣਗੇ। ਆਮ ਜਨਤਾ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਪ੍ਰਕਿਰਿਆ/ਡਰਾਅ ਦੌਰਾਨ ਕੋਵਿਡ-19 ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸੋਸ਼ਲ ਡਿਸਟੈਂਸਿੰਗ ਤੇ ਮਾਸਕ ਲਗਾਉਣਾ ਯਕੀਨੀ ਬਣਾਇਆ ਜਾਵੇ। ਪ੍ਰਾਰਥੀ ਰੀਟੇਲ ਪਟਾਖੇ ਵੇਚਣ ਸਬੰਧੀ ਹੇਠ ਲਿਖੇ ਅਨੁਸਾਰ ਪ੍ਰਸ਼ਾਸਨ ਵੱਲੋਂ ਨਿਰਧਾਰਤ ਕੀਤੀਆਂ ਥਾਵਾਂ ਲਈ ਆਪਣੀਆਂ ਦਰਖਾਸਤਾਂ ਦੇ ਸਕਦੇ ਹਨ:-

| ਲੜੀ ਨੰ: | ਸਬ-ਡਵੀਜਨ | ਨਿਰਧਾਰਤ ਥਾਵਾਂ | ਨੰਬਰ ਆਫ ਡਰਾਅ |
|---|---|---|---|
| 1 | ਹੁਸ਼ਿਆਰਪੁਰ | 1) ਦੁਸ਼ਹਿਰਾ ਗਰਾਉਂਡ, (ਨਵੀਂ ਅਬਾਦੀ), ਹੁਸ਼ਿਆਰਪੁਰ | 14 |
| | | 2) ਜਿਲ੍ਹਾ ਪ੍ਰੀਸ਼ਦ ਮਾਰਕਿਟ (ਅੱਡਾ ਮਾਹਿਲਪੁਰ) ਹੁਸ਼ਿਆਰਪੁਰ | 6 |
| | | 3) ਰੋਸ਼ਨ ਗਰਾਉਂਡ, ਹੁਸ਼ਿਆਰਪੁਰ | 2 |
| | | 4) ਰਾਮ ਲੀਲਾ ਗਰਾਉਂਡ ਹਰਿਆਣਾ | 3 |
| | | 5) ਬੁਲੋਵਾਲ (ਖੁੱਲੇ ਥਾਂ ਤੇ) | 1 |
| | | 6) ਚੱਬੇਵਾਲ (ਖੁੱਲੇ ਥਾਂ ਤੇ) | 1 |
| 2 | ਗੜ੍ਹਸ਼ੰਕਰ | 1) ਮਿਲਟਰੀ ਪੜਾਲ, ਗੜ੍ਹਸ਼ੰਕਰ (ਐਸ.ਡੀ.ਐਮ. ਦਫ਼ਤਰ ਦੇ ਸਾਹਮਣੇ) | 6 |
| | | 2) ਸ਼ਹੀਦਾਂ ਰੋਡ, (ਦਾਣਾ ਮੰਡੀ), ਮਾਹਿਲਪੁਰ। | 3 |
| 3 | ਦਸੂਹਾ | 1) ਮਹਾਰਿਸ਼ੀ ਬਾਲਮੀਕੀ ਪਾਰਕ ਦਸੂਹਾ। | 2 |
| | | 2) ਬਲਾਕ ਸੰਮਤੀ ਸਟੇਡੀਅਮ ਦਸੂਹਾ | 3 |
| | | 3) ਦੁਸਿਹਰਾ ਗਰਾਉਂਡ ਗੜ੍ਹਦੀਵਾਲਾ। | 2 |
| | | 4) ਖਾਲਸਾ ਕਾਲਜ ਦੀ ਗਰਾਉਂਡ ਗੜ੍ਹਦੀਵਾਲਾ। | 2 |
| | | 5) ਸ਼ਿਮਲਾ ਪਹਾੜੀ ਪਾਰਕ ਉੜਮੁੜ। | 3 |
| | | 6) ਗੋਰਮਿੰਟ ਸੀਨੀਅਰ ਸੈਕੰਡਰੀ ਸਕੂਲ(ਲੜਕੇ) ਟਾਂਡਾ ਦੀ ਗਰਾਉਂਡ। | 2 |
| 4 | ਮੁਕੇਰੀਆਂ | 1) ਦੁਸ਼ਿਹਰਾ ਗਰਾਉਂਡ, ਮੁਕੇਰੀਆਂ। | 2 |
| | | 2) ਦੁਸ਼ਿਹਰਾ ਗਰਾਉਂਡ, ਹਾਜੀਪੁਰ। | 2 |
| | | 3) ਨਰਸਰੀ ਗਰਾਉਂਡ, ਸੈਕਟਰ-3, ਤਲਵਾੜਾ। | 2 |
| | | 4) ਦੁਸ਼ਿਹਰਾ ਗਰਾਉਂਡ, ਦਤਾਰਪੁਰ। | 1 |
| | ਕੁੱਲ | | 57 |

ਜ਼ਿਲ੍ਹਾ ਮੈਜਿਸਟ੍ਰੇਟ,
ਹੁਸ਼ਿਆਰਪੁਰ।

Scanned with CamScanner